# ਪਰਵਾਰਕ ਮਾਮਲਿਆਂ ਬਾਰੇ ਬਾਰ ਬਾਰ ਪੁੱਛੇ ਜਾਣ ਵਾਲੇ ਪ੍ਰਸ਼ਨ

## Frequently asked questions about Family Matters

*ਇਹ ਜਾਣਕਾਰੀ ਇੰਗਲੈਂਡ, ਵੇਲਜ਼ ਅਤੇ ਨੌਰਧਰਨ ਆਇਅਰਲੈਂਡ ਤੇ ਲਾਗੂ ਹੁੰਦੀ ਹੈ*

ਮੇਰਾ ਪਾਰਟਨਰ ਮੈਨੂੰ ਅਤੇ ਮੇਰੇ ਬੱਚਿਆਂ ਨੂੰ ਮਾਰਦਾ ਕੁੱਟਦਾ ਹੈ ਅਤੇ ਸਾਨੂੰ ਇਸ ਤੋਂ ਦੂਰ ਹੋ ਜਾਣ ਦੀ ਲੋੜ ਹੈ। ਅਸੀਂ ਕੀ ਕਰ ਸਕਦੇ ਹਾਂ ? - EWSNI 2

ਮੇਰੇ ਪਾਰਟਨਰ ਨੇ ਅਤੇ ਮੈਂ ਕਦੇ ਵੀ ਵਿਆਹ ਨਹੀਂ ਕਰਵਾਇਆ ਸੀ। ਹੁਣ ਅਸੀਂ ਵੱਖ ਵੱਖ ਹੋ ਗਏ ਹਾਂ ਅਤੇ ਸਾਡੇ ਬੱਚੇ ਉਸ ਨਾਲ ਰਹਿੰਦੇ ਹਨ। ਉਨ੍ਹਾਂ ਨੂੰ ਮਿਲਣ (ਦੇਖਣ) ਲਈ ਮੇਰੇ ਕੀ ਹੱਕ ਹਨ ? 3

ਮੇਰੀ ਗਰਲਫ਼੍ਰੈਂਡ (ਸਹੇਲੀ) ਅਤੇ ਮੈਂ ਅੱਠ ਸਾਲਾਂ ਤੋਂ ਇੱਕਠੀਆਂ ਰਹਿ ਰਹੀਆਂ ਹਾਂ। ਉਸ ਦੇ ਦੋ ਬੱਚੇ ਹਨ। ਅਸੀਂ ਸਿਵਿਲ ਪਾਰਟਨਰਜ਼ (ਕਾਨੂੰਨੀ ਤੌਰ ਤੇ ਇਸਤਰੀ ਸਮਲਿੰਗ ਸਾਥੀ) ਬਣਨ ਬਾਰੇ ਸੋਚ ਰਹੀਆਂ ਹਾਂ। ਬੱਚਿਆਂ ਬਾਰੇ ਕਾਨੂੰਨੀ ਤੌਰ ਤੇ ਮੇਰੀ ਸਥਿਤੀ ਕੀ ਹੋਵੇਗੀ ? 5

ਕੀ ਮੈਂ ਆਪਣਾ ਨਾਂ ਵਾਪਸ ਬਦਲ ਸਕਦੀ ਹਾਂ ਜੋ ਮੇਰਾ ਕੁਆਰੀ ਹੁੰਦੀ ਦਾ ਸੀ ਜਾਂ ਕੋਈ ਹੋਰ ਨਾਂ ਰੱਖ ਸਕਦੀ ਹਾਂ ? 6

ਮੈਂ ਇੱਕ ਟ੍ਰਾਂਸਸੈਕਸ਼ੂਅਲ (ਔਪਰੇਸ਼ਨ ਕਰਾਉਣ ਦੇ ਜ਼ਰੀਏ ਲਿੰਗ ਬਦਲਣੇ ਵਾਲਾ) ਵਿਅਕਤੀ ਹਾਂ। ਜਿਸ ਲਿੰਗ ਨੂੰ ਮੈਂ ਅਪਨਾਇਆ ਹੈ ਕੀ ਉਸ ਲਈ ਕਾਨੂੰਨੀ ਤੌਰ ਤੇ ਮੈਨੂੰ ਪਹਿਚਾਣਿਆ ਜਾਵੇਗਾ ਅਤੇ ਇਹ ਮੈਂ ਕਿਸ ਤਰ੍ਹਾਂ ਕਰ ਸਕਦਾ/ਸਕਦੀ ਹਾਂ ? - EWSNI 7

ਮੈਂ ਕਿਸ ਉਮਰ ਵਿਚ ਕਾਨੂੰਨੀ ਤੌਰ ਤੇ ਸ਼ਰਾਬ ਜਾਂ ਸਿਗਰਟ ਪੀ ਸਕਦਾ/ਸਕਦੀ ਹਾਂ ? 8

ਮੈਂ ਤਲਾਕ ਕਿਵੇਂ ਲੈ ਸਕਦਾ/ਸਕਦੀ ਹਾਂ ? 9

Copyright © 2002-2007 Citizens Advice All rights reserved
Registered charity no: 279057 Company no: 1436945 England

## ਮੇਰਾ ਪਾਰਟਨਰ ਮੈਨੂੰ ਅਤੇ ਮੇਰੇ ਬੱਚਿਆਂ ਨੂੰ ਮਾਰਦਾ ਕੁੱਟਦਾ ਹੈ ਅਤੇ ਸਾਨੂੰ ਇਸ ਤੋਂ ਦੂਰ ਹੋ ਜਾਣ ਦੀ ਲੋੜ ਹੈ। ਅਸੀਂ ਕੀ ਕਰ ਸਕਦੇ ਹਾਂ? - EWSNI

ਜੇ ਤੁਸੀਂ ਅਤੇ ਤੁਹਾਡਾ ਪਾਰਟਨਰ ਇਕੱਠੇ ਰਹਿੰਦੇ ਹੋ ਪਰ ਹੁਣ ਤੁਸੀਂ ਪੱਕਾ ਕਰ ਲਿਆ ਹੈ ਕਿ ਤੁਸੀਂ ਵੱਖ ਵੱਖ ਹੋ ਜਾਣਾ ਹੈ, ਤਾਂ ਤੁਹਾਡੇ ਅਤੇ ਤੁਹਾਡੇ ਬੱਚਿਆਂ ਲਈ ਘੱਟ ਘੱਟ ਥੋੜੇ ਚਿਰ ਲਈ ਘਰ ਛੱਡ ਦੇਣਾ ਹੀ ਸੱਭ ਤੋਂ ਚੰਗੀ ਗੱਲ ਹੈ।

ਤੁਸੀਂ ਆਪਣੇ ਦੋਸਤਾਂ ਮਿੱਤਰਾਂ ਜਾਂ ਰਿਸ਼ਤੇਦਾਰਾਂ ਨਾਲ ਰਹਿ ਸਕਦੇ ਹੋ ਪਰ ਹੋ ਸਕਦਾ ਹੈ, ਇਹ ਲੰਮੇਰੇ ਸਮੇਂ ਦਾ ਕੋਈ ਸੰਤੋਸ਼ਜਨਕ ਹੱਲ ਨਹੀਂ ਹੋਵੇਗਾ। ਜੇ ਤੁਹਾਨੂੰ ਡਰ ਹੈ ਕਿ ਤੁਹਾਡਾ ਪਾਰਟਨਰ ਤੁਹਾਨੂੰ ਲੱਭ ਲਵੇਗਾ ਤਾਂ ਤੁਸੀਂ ਵਿਮਨਸ ਏਡ ਨਾਲ ਸੰਪਰਕ ਕਰ ਸਕਦੇ ਹੋ, ਜੋ ਸਹਿਯੋਗ ਅਤੇ ਸਲਾਹ ਦੇਣ ਦਾ ਪ੍ਰਸਤਾਵ ਰੱਖ ਸਕਦੇ ਹਨ ਅਤੇ ਇਕ ਸੁਰਖਿਅਤ ਆਸਰੇ (ਸੇਫ਼ ਰੈਫ਼ਿਊਜ) ਵਿਚ ਰਹਿਣ ਦੀ ਥਾਂ ਦਿਲਾ ਸਕਦੇ ਹਨ। ਇੱਕ ਨੈਸ਼ਨਲ (ਕੌਮੀ) 24 ਘੰਟੇ ਚੱਲਣ ਵਾਲੀ ਹੈਲਪਲਾਈਨ ਕਿਸੇ ਵੀ ਇਹੋ ਜਿਹੇ ਵਿਅਕਤੀ ਨੂੰ ਮਸ਼ਵਰੇ ਅਤੇ ਮੱਦਦ ਪੇਸ਼ ਕਰਦੀ ਹੈ ਜੋ ਘਰੇਲੂ ਹਿੰਸਾ ਦਾ ਸਾਹਮਣਾ ਕਰ ਰਹੇ ਹਨ। ਇਸ ਮੁਫ਼ਤ ਫ਼ੋਨ ਦੀ ਹੈਲਪਲਾਈਨ ਦਾ ਨੰਬਰ 0808 200 0247 ਹੈ। ਇਹ ਹੈਲਪਲਾਈਨ ਵਿਮੈਨਜ਼ ਏਡ ਅਤੇ ਰੈਫ਼ਿਊਜ ਵਲੋਂ ਇੱਕਠੇ ਰਲ ਕੇ ਪੇਸ਼ ਕੀਤੀ ਜਾਂਦੀ ਹੈ।

ਦੁਬਾਰਾ ਘਰ ਦਿਲਾਉਣ ਵਿਚ ਤੁਹਾਡੀ ਮੱਦਦ ਲਈ ਹੋ ਸਕਦਾ ਹੈ ਕਿ ਤੁਹਾਨੂੰ ਆਪਣੀ ਸਥਾਨਕ ਅਥੌਰਿਟੀ ਪਾਸ ਜਾਣਾ ਪਵੇ। ਜੇ ਤੁਹਾਡੀ ਸਥਾਨਕ ਅਥੌਰਿਟੀ ਲਈ ਤੁਹਾਨੂੰ ਦੁਬਾਰਾ ਘਰ ਦੇਣਾ ਮੁਮਕਿਨ ਨਾ ਲਗਦਾ ਹੋਵੇ ਤਾਂ ਤੁਹਾਨੂੰ ਪ੍ਰਾਈਵੇਟ ਤੌਰ ਤੇ ਕਿਰਾਏ ਤੇ ਘਰ ਲੈਣ ਬਾਰੇ ਸੋਚਣਾ ਪਵੇਗਾ।
ਜੇ ਤੁਸੀਂ ਘੱਟ ਆਮਦਨ ਤੇ ਹੋ ਤਾਂ ਹੋ ਸਕਦਾ ਹੈ ਤੁਸੀਂ ਇਕ (ਕ੍ਰਾਈਸਿਸ ਲੋਨ) ਸੰਕਟ ਵੇਲੇ ਦਾ ਕਰਜ਼ਾ ਲੈਣ ਦੇ ਪਾਤਰ ਹੋ ਸਕਦੇ ਹੋਵੋ ਅਤੇ ਜੇ ਤੁਸੀਂ ਕਿਰਾਏ 'ਤੇ ਰਹਿੰਦੇ ਹੋ ਤਾਂ ਹੋ ਸਕਦਾ ਹੈ ਕਿ ਤੁਸੀਂ ਹਾਊਜ਼ਿੰਗ ਬੈਨਿਫ਼ਿਟ ਦੇ ਪਾਤਰ ਹੋਵੋ।

ਲੰਮੇਰੇ ਸਮੇਂ ਵਿਚ ਕੁੱਝ ਇਕ ਢੰਗਾਂ ਰਾਹੀਂ ਤੁਸੀਂ ਆਪਣੇ ਘਰ ਵਾਪਸ ਜਾ ਸਕਦੇ ਹੋ ਅਤੇ ਕਾਨੂੰਨੀ ਸਲਾਹ ਲੈ ਕੇ ਆਪਣੇ ਪਾਰਟਨਰ ਨੂੰ ਦੂਰ ਰਹਿਣ ਲਈ ਕਹਿ ਸਕਦੇ ਹੋ। ਤੁਹਾਨੂੰ ਸ਼ਾਇਦ ਇਕ ਵਕੀਲ ਦੀ ਮਦਦ ਲੈਣੀ ਪਵੇ ਅਤੇ ਸ਼ਾਇਦ ਤੁਹਾਨੂੰ ਕਾਨੂੰਨੀ ਖ਼ਰਚਿਆਂ ਵਿਚ ਮੱਦਦ ਵੀ ਮਿਲ ਸਕੇ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੇਰੇ ਪਾਰਟਨਰ ਨੇ ਅਤ ਮੈਂ ਕਦੇ ਵੀ ਵਿਆਹ ਨਹੀਂ ਕਰਵਾਇਆ ਸੀ। ਹੁਣ ਅਸੀਂ ਵੱਖ ਵੱਖ ਹੋ ਗਏ ਹਾਂ ਅਤੇ ਮੇਰੇ ਬੱਚੇ ਉਸ ਨਾਲ ਰਹਿੰਦੇ ਹਨ। ਉਨ੍ਹਾਂ ਨੂੰ ਮਿਲਣ (ਦੇਖਣ) ਲਈ ਮੇਰੇ ਕੀ ਹੱਕ ਹਨ ?

ਬੱਚਿਆਂ ਦੇ ਮਾਂ-ਬਾਪ ਵਿਆਹੇ ਹੋਏ ਹਨ ਜਾਂ ਨਹੀਂ, ਕਾਨੂੰਨ ਆਮ ਤੌਰ 'ਤੇ ਪਿਤਾਵਾਂ ਨੂੰ ਆਪਣੇ ਬੱਚਿਆਂ ਨਾਲ ਸੰਪਰਕ ਰੱਖਣ ਲਈ ਹੱਲਾਸ਼ੇਰੀ ਦਿੰਦਾ ਹੈ।

ਜਦ ਕਿ ਹੁਣ ਤੁਸੀਂ ਆਪਣੇ ਪਾਰਟਨਰ ਤੋਂ ਵੱਖ ਹੋ ਗਏ ਹੋ, ਸੱਭ ਤੋਂ ਚੰਗਾ ਤਾਂ ਇਹ ਹੈ ਕਿ ਝੱਟ-ਪੱਟ ਕਾਨੂੰਨੀ ਮਦਦ ਲੈਣ ਨਾਲੋਂ ਆਪਣੇ ਬੱਚਿਆਂ ਲਈ ਤੁਸੀਂ ਦੋਵੇਂ ਆਪਸ ਵਿਚ ਇਕ ਮਿੱਤਰਤਾ ਭਰਿਆ ਇੰਤਜ਼ਾਮ ਕਰ ਲਵੋ। ਇਸ ਇੰਤਜ਼ਾਮ ਵਿਚ ਇਹ ਸ਼ਾਮਲ ਹੋਣਾ ਚਾਹੀਦਾ ਹੈ ਕਿ ਬੱਚੇ ਆਮ ਤੌਰ 'ਤੇ ਕਿਸ ਨਾਲ ਰਹਿਣਗੇ ਅਤੇ ਦੂਜੇ ਮਾਪੇ ਨਾਲ ਸੰਪਰਕ ਕਿਵੇਂ ਰੱਖਣਗੇ।

ਲੰਮੇ ਸਮੇਂ ਲਈ ਇੰਤਜ਼ਾਮ ਕੀ ਹੋਇਆ ਹੈ, ਜੇ ਤੁਸੀਂ ਉਸ ਨੂੰ ਲਿਖ ਲਵੋ ਤਾਂ ਬਹੁਤ ਹੀ ਮੱਦਦਗਾਰ ਸਾਬਤ ਹੋਵੇਗਾ। ਇਹ ਯਾਦ ਰੱਖੋ ਕਿ ਇਸ ਕਿਸਮ ਦੇ ਐਗਰੀਮੈਂਟ ਤੇ ਕੋਈ ਕਾਨੂੰਨੀ ਬੰਦਿਸ਼ ਨਹੀਂ ਹੁੰਦੀ ਅਤੇ ਇਹ ਤੁਹਾਨੂੰ ਤੁਹਾਡੇ ਬੱਚਿਆਂ ਲਈ ਮਾਪੇ ਹੋਣ ਦੇ ਨਾਤੇ ਜ਼ਿੰਮੇਦਾਰੀ ਨਹੀਂ ਦਿੰਦਾ।

ਜੇ ਤੁਹਾਨੂੰ ਅਤੇ ਤੁਹਾਡੇ ਪਾਰਟਨਰ ਨੂੰ ਆਪਸ ਵਿਚ ਸਮਝੌਤਾ ਕਰਨਾ ਔਖਾ ਲਗਦਾ ਹੋਵੇ ਤਾਂ ਤੁਹਾਨੂੰ ਫਮਿਲੀ ਮੀਡੀਏਸ਼ਨ ਸਰਵਿਸ (ਪਰਵਾਰਕ ਵਿਚੋਲਿਆਂ ਦੀ ਸਰਵਿਸ) ਕੋਲੋਂ ਮਦਦ ਲੈਣੀ ਚਾਹੀਦੀ ਹੈ। ਇਹ ਵਿਚੋਲੇ ਉਹ ਲੋਕ ਹੁੰਦੇ ਹਨ ਜਿਨ੍ਹਾਂ ਨੂੰ ਦੋਵਾਂ ਪਾਸਿਆਂ ਦੀ ਗੱਲ ਸੁਣਨ ਅਤੇ ਤੁਹਾਡੇ ਅਤੇ ਤੁਹਾਡੇ ਪਾਰਟਨਰ ਨੂੰ ਤੁਹਾਡੇ ਦੋਵਾਂ ਅਤੇ ਤੁਹਾਡੇ ਬੱਚਿਆਂ ਲਈ ਸੱਭ ਤੋਂ ਚੰਗਾ ਕੀ ਹੋਵੇਗਾ, ਬਾਰੇ ਕਿਸੇ ਫੈਸਲੇ 'ਤੇ ਪੁੱਜਣ ਵਿਚ ਸਹਾਇਤਾ ਕਰਨ ਲਈ ਟ੍ਰੇਨਿੰਗ ਮਿਲੀ ਹੁੰਦੀ ਹੈ। ਇਸ ਸੇਵਾ ਨੂੰ ਵਰਤਣ ਲਈ ਤੁਸੀਂ ਦੋਵੇਂ ਆਪਣੀ ਇੱਛਾ ਨਾਲ ਉਥੇ ਪਹੁੰਚਣ ਲਈ ਰਾਜ਼ੀ ਹੋਣੇ ਚਾਹੀਦੇ ਹੋ। ਤੁਸੀਂ ਜੋ ਵੀ ਫੈਸਲਾ ਕਰਦੇ ਹੋ, ਉਸ ਉੱਤੇ ਕਾਨੂੰਨੀ ਬੰਦਿਸ਼ ਨਹੀਂ ਹੋਵੇਗੀ।

ਜੇ ਤੁਸੀਂ ਆਪਣੇ ਬੱਚਿਆਂ ਦੇ ਪਾਲਣ-ਪੋਸਣ ਦੀ ਜ਼ਿੰਮੇਵਾਰੀ ਦਾ ਹੁਕਮ (ਪੇਰੈਂਟਲ ਰਿਸਪੌਨਸਿਬਿਲੀਟੀ - ਪੀ.ਆਰ. ਔਰਡਰ) ਲੈਣਾ ਚਾਹੁੰਦੇ ਹੋ, ਜੇ ਇਹ ਪਹਿਲਾਂ ਤੁਹਾਡੇ ਪਾਸ ਨਹੀਂ ਹੈ ਤਾਂ ਤੁਸੀਂ ਆਪਣੇ ਬੱਚਿਆਂ ਦੀ ਮਾਂ ਦੇ ਨਾਲ ਇੱਕ ਵੌਲੰਟ੍ਰੀ ਐਗਰੀਮੈਂਟ ਲਈ ਸਾਈਨ ਕਰ ਸਕਦੇ ਹੋ, ਜਿਸ ਨੂੰ (ਪੇਰੈਂਟਲ ਰਿਸਪੌਨਸਿਬਿਲੀਟੀ ਐਗਰੀਮੈਂਟ ਕਿਹਾ ਜਾਂਦਾ ਹੈ)।

Copyright © 2002-2007 Citizens Advice All rights reserved
Registered charity no: 279057 Company no: 1436945 England

ਜੇ ਤੁਸੀਂ 1 ਦਸੰਬਰ 2003 ਤੋਂ ਬਾਅਦ ਆਪਣੇ ਬੱਚੇ ਦਾ ਜਨਮ ਆਪਣੇ ਪਾਰਟਨਰ ਦੇ ਨਾਮ ਨਾਲ ਰੈਜਿਸਟਰ ਕਰਾਇਆ ਹੈ ਤਾਂ ਤੁਹਾਡੇ ਪਾਸ ਪੇਰੈਂਟਲ ਰਿਸਪੌਂਸਿਬਿਲੀਟੀ ਪਹਿਲਾਂ ਹੀ ਮੌਜੂਦ ਹੋਵੇਗੀ।

ਇੱਕ ਪੇਰੈਂਟਲ ਰਿਸਪੌਂਨਸਿਬਿਲੀਟੀ ਐਗਰੀਮੈਂਟ ਬਣਵਾਉਂਣ ਲਈ ਇਹ ਜ਼ਰੂਰੀ ਨਹੀਂ ਹੈ ਕਿ ਤੁਹਾਨੂੰ ਕੋਰਟ ਵਿਚ ਹੀ ਜਾਣਾ ਪਵੇ, ਹਾਲਾਂ ਕਿ ਇਹ ਕਾਨੂੰਨ ਨਾਲ ਹੀ ਸੰਬੰਧਤ ਹੋਵੇਗਾ ਅਤੇ ਇਸ ਤਰ੍ਹਾਂ ਕਰਨ ਤੋਂ ਪਹਿਲਾਂ ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ। ਪੇਰੈਂਟਲ ਰਿਸਪੌਂਨਸਿਬਿਲੀਟੀ ਐਗਰੀਮੈਂਟ ਕਰਨ ਲਈ, ਤੁਹਾਨੂੰ ਇੱਕ ਸਪੈਸ਼ਲ ਫ਼ੌਰਮ ਭਰਨਾ ਪਵੇਗਾ ਅਤੇ ਫ਼ੈਮਿਲੀ ਡਿਵਿਯਨ ਦੀ ਪ੍ਰਿੰਸੀਪਲ ਰੈਜਿਸਟਰੀ ਵਿਚ ਇਸ ਨੂੰ ਰੈਜਿਸਟਰ ਕਰਵਾ ਸਕਦੇ ਹੋ ਅਤੇ ਇਸ ਦੀ ਗਵਾਹੀ ਜਾਂ ਤਸਦੀਕ ਕੋਰਟ ਦੇ ਕਿਸੇ ਔਫ਼ਿਸ਼ਿਅਲ ਵਲੋਂ ਦਿੱਤੀ ਜਾ ਸਕਦੀ ਹੈ।

ਜੇ ਤੁਸੀਂ ਅਤੇ ਤੁਹਾਡੇ ਬੱਚਿਆਂ ਦੀ ਮਾਂ ਆਪਣੇ ਆਪ ਕੋਈ ਸਮਝੌਤਾ ਨਾ ਕਰ ਸਕਦੇ ਹੋਵੋ ਤਾਂ ਤੁਸੀਂ ਕੋਰਟ ਪਾਸ ਸੰਪਰਕ ਦੇ ਔਰਡਰ (ਕੌਨਟੈਕਟ ਔਰਡਰ) ਲਈ ਅਰਜ਼ੀ ਦੇ ਸਕਦੇ ਹੋ। ਤੁਹਾਨੂੰ ਸ਼ਾਇਦ ਮਾਪਿਆਂ ਦੀ ਜ਼ਿੰਮੇਦਾਰੀ ਦੇ ਔਰਡਰ ਲਈ ਵੀ ਅਰਜ਼ੀ ਦੇਣੀ ਪਵੇ। ਫਿਰ ਭੀ, ਆਮ ਤੌਰ ਤੇ ਕਿਸੇ ਸਮਝੌਤੇ ਤੇ ਪਹੁੰਚਣ ਲਈ ਕੋਰਟ ਉਮੀਦ ਕਰੇਗਾ ਕਿ ਤੁਸੀਂ ਪਹਿਲਾਂ ਮੀਡੀਏਸ਼ਨ ਸਰਵਿਸ ਦੀ ਵਰਤੋਂ ਕਰਨੇ ਦੀ ਕੋਸ਼ਿਸ਼ ਕਰੋ।

ਕੌਨਟੈਕਟ ਔਰਡ ਵਿਚ ਤੁਹਾਡੇ ਬੱਚਿਆਂ ਦੇ ਮਿਲਣ ਬਾਰੇ ਜਾਂ ਤੁਹਾਡੇ ਪਾਸ ਰਹਿਣੇ ਦੇ ਸਮਝੌਤੇ ਬਾਰੇ ਦੱਸਿਆ ਜਾਵੇਗਾ। ਬੱਚਿਆਂ ਦੇ ਪਿਤਾ ਹੋਣੇ ਦੇ ਨਾਤੇ, ਇਹੋ ਜਿਹੇ ਔਰਡ ਲਈ ਅਰਜ਼ੀ ਦੇਣ ਦਾ ਤੁਹਾਡਾ ਹੱਕ ਬਣਦਾ ਹੈ। ਆਮ ਤੌਰ ਤੇ ਤੁਹਾਨੂੰ ਇਹ ਔਰਡ ਦਿੱਤਾ ਹੀ ਜਾਣਾ ਚਾਹੀਦਾ ਹੈ, ਜਦ ਤੱਕ ਕਿ ਹਾਲਾਤ ਬਿਲਕੁਲ ਅਲੱਗ ਜਾਂ ਖ਼ਾਸ ਨਾ ਹੋਣ। ਜੇ ਤੁਹਾਡੇ ਕੋਲ ਪਹਿਲਾਂ ਤੋਂ ਹੀ ਮਾਪਿਆਂ ਦੀ ਜ਼ਿੰਮੇਦਾਰੀ ਨਹੀਂ ਹੈ ਤਾਂ ਹੋ ਸਕਦਾ ਹੈ ਤੁਹਾਨੂੰ ਮਾਪਿਆਂ ਦੀ ਜ਼ਿੰਮੇਦਾਰੀ ਦੇ ਔਰਡ ਲਈ ਵੀ ਅਰਜ਼ੀ ਦੇਣੀ ਪਵੇ। ਪੇਰੈਂਟਲ ਰਿਸਪੌਂਨਸਿਬਿਲੀਟੀ ਹਾਸਲ ਕਰਨ ਦਾ ਮਤਲਬ ਇਹ ਹੈ ਕਿ ਤੁਹਾਨੂੰ ਤੁਹਾਡੇ ਪਾਰਟਨਰ ਦੇ ਨਾਲ ਬੱਚਿਆਂ ਦੀ ਸਿਹਤ, ਸਿੱਖਿਆ (ਪੜ੍ਹਾਈ) ਅਤੇ ਭਲਾਈ ਦੀ ਜ਼ਿੰਮੇਵਾਰੀ ਵੀ ਸਾਂਝੀ ਕਰਨੀ ਹੋਵੇਗੀ। ਇਹਨਾਂ ਦੋਵੇਂ ਔਰਡਰਜ਼ ਜਿਵੇਂ ਕਿ ਕੌਨਟੈਰਟ ਔਰਡਰ ਅਤੇ ਪੇਰੈਂਟਲ ਰਿਸਪੌਂਨਸਿਬਿਲੀਟੀ ਔਰਡਰ ਲਈ ਇੱਕੋ ਵਕਤ ਤੇ ਹੀ ਅਰਜ਼ੀ ਦੇਣੀ ਇੱਕ ਅੱਛਾ ਵਿਚਾਰ ਹੋਵੇਗਾ। ਕਾਨੂੰਨੀ ਸਲਾਹ ਲੈਣੀ ਵੀ ਇੱਕ ਅੱਛਾ ਵਿਚਾਰ ਹੋਵੇਗਾ। ਤੁਹਾਨੂੰ ਸ਼ਾਇਦ ਕਾਨੂੰਨੀ ਖ਼ਰਚ ਵਿਚ ਵੀ ਮਦਦ ਮਿਲ ਸਕਦੀ ਹੋਵੇ।

ਕਿਸੇ ਤਰ੍ਹਾਂ ਦੀ ਰਿਸ਼ਤੇਦਾਰੀ ਦੇ ਸੰਬੰਧ ਖ਼ਤਮ ਹੋ ਜਾਣ ਤੋਂ ਬਾਅਦ, ਬੱਚਿਆਂ ਪ੍ਰਤੀ ਤੁਹਾਡੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਵਧੇਰੇ ਜਾਣਕਾਰੀ ਲੈਣ ਲਈ 8.5.0.10 ਤੇ ਦੇਖੋ। ਐਂਡਿੰਗ ਅ

Copyright © 2002-2007 Citizens Advice All rights reserved
Registered charity no: 279057 Company no: 1436945 England

ਰਿਲੇਸ਼ਨਸ਼ਿੱਪ ਇੱਫ਼ ਯੂ ਆਰ ਲਿਵਿੰਗ ਟੂਗੈਧਰ – ਜੇਕਰ ਤੁਸੀਂ ਇੱਕਠੇ ਰਹਿ ਰਹੇ ਹੋ ਤਾਂ ਆਪਣੇ ਸੰਬਧ ਖ਼ਤਮ ਕਰਨੇ।

ਇੰਗਲੈਂਡ ਅਤੇ ਵੇਲਜ਼ ਵਿਚ ਮੱਦਦ ਅਤੇ ਕਾਨੂੰਨੀ ਖ਼ਰਚਿਆਂ ਬਾਰੇ ਵਧੇਰੇ ਜਾਣਕਾਰੀ ਲੈਣ ਲਈ 4.3.0.2. ਤੇ ਦੇਖੋ। ਹੈਲਪ ਵਿਧ ਲੀਗਲ ਕੌਂਸਟਸ ਅਤੇ ਨੌਰਧਰਨ ਆਇਅਰਲੈਂਡ ਵਿਚ ਹੈਲਪ ਵਿਧ ਲੀਗਲ ਕੌਂਸਟਸ ਲਈ 4.3.0.2. ਤੇ ਦੇਖੋ।

## ਮੇਰੀ ਗਰਲਫ਼੍ਰੈਂਡ (ਸਹੇਲੀ) ਅਤੇ ਮੈਂ ਅੱਠ ਸਾਲਾਂ ਤੋਂ ਇੱਕਠੀਆਂ ਰਹਿ ਰਹੀਆਂ ਹਾਂ। ਉਸ ਦੇ ਦੋ ਬੱਚੇ ਹਨ। ਅਸੀਂ ਸਿਵਿਲ ਪਾਰਟਨਰਜ਼ (ਕਾਨੂੰਨੀ ਤੌਰ ਤੇ ਇਸਤਰੀ ਸਮਲਿੰਗ ਭੋਗੀ ਸਾਥੀ) ਬਣਨ ਬਾਰੇ ਸੋਚ ਰਹੀਆਂ ਹਾਂ। ਬੱਚਿਆਂ ਬਾਰੇ ਕਾਨੂੰਨੀ ਤੌਰ ਤੇ ਮੇਰੀ ਸਥਿਤੀ ਕੀ ਹੋਵੇਗੀ ?

ਜੇ ਤੁਸੀਂ ਸਿਵਿਲ ਪਾਰਟਨਰਸ਼ਿਪ ਵਿਚ ਜਾਣਾ ਚਾਹੁੰਦੇ ਹੋ ਤਾਂ ਤੁਸੀਂ ਆਪਣੇ ਪਾਰਟਨਰ ਦੇ ਬੱਚੇ ਲਈ ਇੱਕ ਸੌਤੇਲੇ ਮਾਂ ਜਾਂ ਬਾਪ ਬਣ ਜਾਵੋਗੇ। ਇਸ ਨਾਲ ਤੁਹਾਨੂੰ ਬੱਚਿਆਂ ਦੀ ਆਪਣੇ ਆਪ ਹੀ ਜ਼ਿੰਮੇਵਾਰੀ ਨਹੀਂ ਮਿਲ ਜਾਵੇਗੀ, ਪਰ ਜੇ ਤੁਹਾਡੀ ਗਰਲਫ਼੍ਰੈਂਡ ਮੰਨਦੀ ਹੈ ਤਾਂ ਤੁਸੀਂ ਆਪਣੀ ਪਾਰਟਨਰ ਨਾਲ ਰਸਮੀ ਤੌਰ ਤੇ ਮਾਪਿਆਂ ਦੀ ਜ਼ਿੰਮੇਵਾਰੀ ਲਈ ਇੱਕ ਇਕਰਾਰਨਾਵਾਂ ਤਿਆਰ ਕਰਨਾ ਪਵੇਗਾ। ਇਸ ਦਾ ਮਤਲਬ ਕਿ ਤੁਹਾਨੂੰ ਆਪਣੀ ਪਾਰਟਨਰ ਨਾਲ ਬੱਚਿਆਂ ਦੀ ਸਿਹਤ, ਪੜ੍ਹਾਈ ਅਤੇ ਦੇਖਭਾਲ ਦੀ ਜ਼ਿੰਮੇਵਾਰੀ ਸਾਂਝੇ ਤੌਰ ਤੇ ਨਿਭਾਉਣੀ ਹੋਵੇਗੀ। ਜੇ ਬੱਚਿਆਂ ਦੇ ਬਾਪ ਪਾਸ ਵੀ ਪੇਰੈਂਟਲ (ਇੱਕ ਮਾਪੇ ਦੀ) ਜ਼ਿੰਮੇਵਾਰੀ ਮੌਜੂਦ ਹੈ ਤਾਂ ਉਸ ਨੂੰ ਵੀ ਮਨਜ਼ੂਰ ਕਰਨਾ ਪਵੇਗਾ ਕਿ ਤੁਸੀਂ ਵੀ ਇਸ ਜ਼ਿੰਮੇਵਾਰੀ ਵਿਚ ਸ਼ਾਮਿਲ ਹੋ ਸਕਦੇ ਹੋ। ਕਈ ਹਾਲਾਤਾਂ ਵਿਚ, ਮਿਸਾਲ ਵਜੋਂ, ਜੇ ਤੁਸੀਂ ਇਸ ਨਾਲ ਸਹਿਮਤ ਨਾ ਹੋਵੋ ਤਾਂ ਤੁਸੀਂ ਕੋਰਟ ਪਾਸ ਵੀ ਪੇਰੈਂਟਲ ਜ਼ਿੰਮੇਵਾਰੀ ਲੈਣ ਦਾ ਹੁਕਮ ਲੈ ਸਕਦੇ ਹੋ। ਫਿਰ ਕੋਰਟ ਹੀ ਫ਼ੈਸਲਾ ਕਰੇਗਾ ਕਿ ਤੁਹਾਨੂੰ ਜ਼ਿੰਮੇਵਾਰੀ ਦੇਣ ਨਾਲ ਕੀ ਬੱਚਿਆਂ ਲਈ ਇਹ ਫ਼ਾਇਦੇਮੰਦ ਹੋਵੇਗਾ ਕਿ ਨਹੀਂ।
ਜੇ ਤੁਹਾਨੂੰ ਪੇਰੈਂਟਲ ਜ਼ਿੰਮੇਵਾਰੀ ਨਹੀਂ ਮਿਲਦੀ ਹੈ, ਚਾਹੇ ਉਹ ਇਕਰਾਰਨਾਵੇਂ ਦੇ ਜ਼ਰੀਏ ਹੈ ਜਾਂ ਕੋਰਟ ਦੇ ਹੁਕਮ ਨਾਲ ਹੈ, ਇਸ ਦਾ ਮਤਲਬ ਕਿ ਤੁਹਾਨੂੰ ਬੱਚਿਆਂ ਪ੍ਰਤੀ ਮਾਲੀ ਤੌਰ ਤੇ ਆਪਣੀ ਜ਼ਿੰਮੇਵਾਰੀ ਨਿਭਾਉਂਣੀ ਪਵੇਗੀ।

Copyright © 2002-2007 Citizens Advice All rights reserved
Registered charity no: 279057 Company no: 1436945 England

ਜੇ ਤੁਸੀਂ  ਅਤੇ ਤੁਹਾਡੀ ਗਰਲਫ਼੍ਰੈਂਡ ਅਲੱਗ ਵੀ ਹੋ ਜਾਵੋ, ਤਾਂ ਵੀ ਇਸ ਨਾਲ ਤੁਹਾਨੂੰ ਬੱਚਿਆਂ ਨਾਲ ਸਿੱਧੇ ਤੌਰ ਤੇ ਅਤੇ ਬਾਕਾਇਦਗੀ ਨਾਲ ਸੰਪਰਕ ਰੱਖਣ ਦਾ ਹੱਕ ਹੋਵੇਗਾ।

ਜੇ ਤੁਸੀਂ ਆਪਣੇ ਪਾਰਟਨਰ ਦੇ ਬੱਚੇ ਨੂੰ ਗੋਦ ਲੈਣ (ਐਡੌਪਟ ਕਰਨਾ) ਦੇ ਜ਼ਰੀਏ ਵੀ ਤੁਹਾਨੂੰ ਪੇਰੈਂਟਲ ਜ਼ਿੰਮੇਵਾਰੀ ਮਿਲ ਸਕਦੀ ਹੈ। ਇਹ ਬੱਚਾ ਤੁਹਾਡੇ ਅਤੇ ਤੁਹਾਡੇ ਪਾਰਟਨਰ ਨਾਲ ਘੱਟ ਤੋਂ ਘੱਟ ਛੇ ਮਹੀਨਿਆਂ ਤੋਂ ਰਹਿੰਦਾ ਹੋਣਾ ਚਾਹੀਦਾ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

## ਕੀ ਮੈਂ ਆਪਣਾ ਨਾਂ ਵਾਪਸ ਬਦਲ ਸਕਦੀ ਹਾਂ ਜੋ ਮੇਰਾ ਕੁਆਰੀ ਹੁੰਦੀ ਦਾ ਸੀ ਜਾਂ ਕੋਈ ਹੋਰ ਨਾਂ ਰੱਖ ਸਕਦੀ ਹਾਂ ?

16 ਵਰ੍ਹਿਆਂ ਤੋਂ ਉਪ੍ਰ੍ਰ ਦੀ ਉਮਰ ਦਾ ਕੋਈ ਵੀ ਬੰਦਾ ਕਦੇ ਵੀ ਆਪਣਾ ਨਾਂ ਬਦਲ ਸਕਦਾ ਹੈ। ਤੁਸੀਂ ਆਪਣਾ ਪਹਿਲਾ ਨਾਂ, ਆਪਣਾ ਗੋਤ ਦੋਵਾਂ 'ਚੋਂ ਕੋਈ ਇਕ ਜਾਂ ਦੋਵੇਂ ਹੀ ਬਦਲ ਸਕਦੇ ਹੋ। ਤੁਸੀਂ ਨਵਾਂ ਨਾਂ ਜੋੜ ਸਕਦੇ ਹੋ ਜਾਂ ਜੋ ਨਾਂ ਤੁਸੀਂ ਨਹੀਂ ਚਾਹੁੰਦੇ ਉਹ ਕੱਢ ਸਕਦੇ ਹੋ। ਵਿਆਹ ਕਰਵਾਉਣ ਜਾਂ ਪਾਸਪੋਰਟ ਬਣਵਾਉਣ ਲਈ, ਤੁਸੀਂ ਆਪਣਾ ਨਵਾਂ ਨਾਂ ਕਿਸੇ ਵੀ ਮੰਤਵ ਲਈ ਵਰਤ ਸਕਦੇ ਹੋ। ਪਰ ਫਿਰ ਵੀ, ਤੁਸੀਂ ਕੋਈ ਧੋਖਾਦੇਹੀ ਕਰਨ ਲਈ ਆਪਣਾ ਨਾਂ ਨਹੀਂ ਬਦਲ ਸਕਦੇ।

ਤੁਹਾਨੂੰ ਕਾਨੂੰਨੀ ਤੌਰ 'ਤੇ ਆਪਣਾ ਨਾਂ ਬਦਲਣ ਲਈ ਕੋਈ ਫ਼ੌਰਮ ਭਰਨ ਜਾਂ ਕਿਸੇ ਪਰਕਾਰ ਦੀ ਇਜਾਜ਼ਤ ਲੈਣ ਦੀ ਲੋੜ ਨਹੀਂ ਹੈ। ਬਸ ਤੁਸੀਂ ਆਪਣੇ ਪੁਰਾਣੇ ਨਾਂ ਦੀ ਥਾਂ ਨਵਾਂ ਨਾਂ ਵਰਤਣਾ ਸ਼ੁਰੂ ਕਰ ਦਿਓ। ਕਿੰਤੂ ਤੁਸੀਂ ਦੇਖੋਗੇ ਕਿ ਕੁੱਝ ਇਕ ਸੰਸਥਾਵਾਂ ਤੁਹਾਡੇ ਬਦਲੇ ਨਾਂ ਦਾ ਲਿਖ਼ਤੀ ਸਬੂਤ ਦੇਖਣਾ ਚਾਹੁੰਣਗੀਆਂ। ਇਹ ਸਬੂਤ ਕਿਸੇ ਡਾਕਟਰ, ਗਰੰਥੀ ਜਾਂ ਵਕੀਲ ਵਲੋਂ ਇਕ ਚਿੱਠੀ ਜਾਂ ਫਿਰ ਅਖ਼ਬਾਰ ਆਦਿ ਵਿਚ ਕੀਤੀ ਘੋਸ਼ਣਾ ਦੇ ਰੂਪ ਵਿਚ ਹੋ ਸਕਦਾ ਹੈ। ਤੁਸੀਂ ਆਪਣੇ ਨਾਂ ਨੂੰ ਬਦਲਣ ਦੀ ਕਾਨੂੰਨੀ ਘੋਸ਼ਣਾ ਜਾਂ ਡੀਡ ਪੋਲ ਰਾਹੀਂ ਕਰਨਾ ਪਸੰਦ ਕਰ ਸਕਦੇ ਹੋ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਂ ਇੱਕ ਟ੍ਰਾਂਸਸੈਕਸ਼ੂਅਲ ਵਿਅਕਤੀ ਹਾਂ (ਔਪਰੇਸ਼ਨ ਦੇ ਜ਼ਰੀਏ ਲਿੰਗ ਬਦਲਣਾ) । ਜਿਸ ਲਿੰਗ ਨੂੰ ਮੈਂ ਅਪਨਾਇਆ ਹੈ ਕੀ ਉਸ ਲਈ ਕਾਨੂੰਨੀ ਤੌਰ ਤੇ ਮੈਨੂੰ ਪਹਿਚਾਣਿਆ ਜਾਵੇਗਾ ਅਤੇ ਇਹ ਮੈਂ ਕਿਸ ਤਰ੍ਹਾਂ ਕਰ ਸਕਦਾ/ਸਕਦੀ ਹਾਂ ? - EWSNI

ਇੱਕ ਟ੍ਰਾਂਸਸੈਕਸ਼ੂਅਲ (ਔਪਰੇਸ਼ਨ ਕਰਾਉਣ ਦੇ ਜ਼ਰੀਏ ਲਿੰਗ ਬਦਲਣੇ ਵਾਲਾ) ਵਿਅਕਤੀ ਹੁਣ ਇੱਕ ਇਹੋ ਜਿਹੇ ਸਰਟੀਫ਼ੀਕੇਟ ਲਈ ਦਰਖ਼ਾਸਤ ਦੇ ਸਕਦਾ ਹੈ, ਜਿਸ ਨੂੰ ਲਿੰਗ (ਜੈਂਡਰ) ਬਦਲਣੇ ਦਾ ਸਰਟੀਫ਼ੀਕੇਟ ਕਿਹਾ ਜਾਂਦਾ ਹੈ। ਜਿਸ ਨਾਲ ਤੁਹਾਨੂੰ ਕਾਨੂੰਨੀ ਤੌਰ ਤੇ ਅਪਨਾਏ ਗਏ ਲਿੰਗ (ਜੈਂਡਰ) ਲਈ ਪਹਿਚਾਣੇ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਲਿੰਗ ਬਦਲਣੇ ਦੇ ਸਰਟੀਫ਼ੀਕੇਟ ਦੇ ਯੋਗ ਹੋਣੇ ਲਈ ਤੁਹਾਨੂੰ ਲਾਜ਼ਮੀ ਹੀ ਕੁਝ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ। ਤੁਹਾਨੂੰ ਇੱਕ ਅਰਜ਼ੀ ਦਾ ਫ਼ੌਰਮ ਭਰਨਾ ਪਵੇਗਾ, ਡਾਕਟਰੀ ਸਬੂਤ ਪੇਸ਼ ਕਰਨਾ ਪਵੇਗਾ ਅਤੇ ਇਸ ਗੱਲ ਦਾ ਸਬੂਤ ਦੇਣਾ ਪਵੇਗਾ ਕਿ ਤੁਸੀਂ ਇਸ ਬਦਲੇ ਹੋਏ ਲਿੰਗ ਨਾਲ ਘੱਟ ਤੋਂ ਘੱਟ ਦੋ ਸਾਲਾਂ ਤੋਂ ਰਹਿ ਰਹੇ ਹੋ। ਇਸ ਲਈ ਫ਼ੀਸ ਵੀ ਰੱਖੀ ਗਈ ਹੈ, ਹਾਲਾਂ ਕਿ ਕਈ ਹਾਲਾਤਾਂ ਵਿਚ ਇਹ ਸ਼ਾਇਦ ਮੁਲਤਵੀ ਕੀਤੀ ਜਾ ਸਕਦੀ ਹੈ ਜਾਂ ਘਟਾਈ ਜਾ ਸਕਦੀ ਹੈ। ਇੱਕ ਵਾਰੀ ਜਦੋਂ ਤੁਹਾਡੇ ਕੋਲ ਲਿੰਗ ਦੀ ਪਹਿਚਾਣ ਕਰਨੇ ਵਾਲਾ ਇਹ ਸਰਟੀਫ਼ੀਕੇਟ ਮੌਜੂਦ ਹੁੰਦਾ ਹੈ ਤਾਂ ਤੁਸੀਂ ਇਸ ਨਵੇਂ ਅਪਨਾਏ ਗਏ ਲਿੰਗ ਨੂੰ ਮੱਧੇ ਨਜ਼ਰ ਰੱਖਦੇ ਹੋਏ ਇੱਕ ਨਵਾਂ ਜਨਮ ਦਾ ਸਰਟੀਫ਼ੀਕੇਟ ਬਣਵਾ ਸਕਦੇ ਹੋ। ਇਸਨੂੰ ਦੇਖਣ ਵਾਲਾ ਕੋਈ ਵੀ ਵਿਅਕਤੀ ਤੁਹਾਨੂੰ ਇਹ ਨਹੀਂ ਦੱਸ ਸਕੇਗਾ ਕਿ ਤੁਸੀਂ ਕਾਨੂੰਨੀ ਤੌਰ ਤੇ ਇੱਕ ਅਲੱਗ ਲਿੰਗ ਅਪਨਾਇਆ ਹੋਇਆ ਹੈ।

ਤੁਹਾਨੂੰ ਆਪਣੇ ਅਪਨਾਏ ਗਏ ਲਿੰਗ ਦੇ ਵਿਰੋਧੀ ਲਿੰਗ ਦੇ ਵਿਅਕਤੀ ਨਾਲ ਸ਼ਾਦੀ ਕਰਨੇ ਦੀ ਜਾਂ ਕਿਸੇ ਸਮ ਲਿੰਗ ਵਿਅਕਤੀ ਨਾਲ ਸਿਵਿਲ ਪਾਰਟਨਰਸ਼ਿੱਪ ਰੱਖਣੇ ਦੀ ਇਜਾਜ਼ਤ ਹੈ। ਜੇ ਲਿੰਗ ਪਹਿਚਾਨਣੇ ਦੇ ਸਰਟੀਫ਼ੀਕੇਟ ਲਈ ਅਰਜ਼ੀ ਦੇਣ ਦੇ ਸਮੇਂ ਤੁਸੀਂ ਪਹਿਲਾਂ ਹੀ ਸ਼ਾਦੀ ਸ਼ੁਦਾ ਸੀ ਤਾਂ ਤੁਹਾਨੂੰ ਇਹ ਸ਼ਾਦੀ ਬਰਖ਼ਾਸਤ ਕਰਨੀ ਪਵੇਗੀ ਕਿਉਂਕਿ ਇੱਕੋ ਜਿਹੇ ਲਿੰਗ ਦੇ ਵਿਅਕਤੀਆਂ ਦੇ ਦਰਮਿਆਨ ਸ਼ਾਦੀ ਹੋਣੀ ਕਾਨੂੰਨ ਦੇ ਖ਼ਿਲਾਫ਼ ਹੈ। ਜੇ ਤੁਸੀਂ ਆਪਣੇ ਸਾਥੀ ਨਾਲ ਕਾਨੂੰਨੀ ਸੰਬੰਧ ਜਾਰੀ ਰੱਖਣਾ ਚਾਹੁੰਦੇ ਹੋ ਤਾਂ ਇਸ ਦੀ ਬਜਾਇ, ਤੁਸੀਂ ਫਿਰ ਸਿਵਲ ਪਾਰਟਨਰਸ਼ਿੱਪ ਲਈ ਰੈਜਿਸਟਰ ਹੋ ਸਕਦੇ ਹੋ, ਜਿਸ ਨਾਲ ਇੱਕੋ ਹੀ ਲਿੰਗ ਦੇ ਜੋੜੇ ਨੂੰ ਓਹੋ ਹੀ ਹੱਕ ਮਿਲਦੇ ਹਨ ਜਿਹੜੇ ਕਿ ਇੱਕ ਸ਼ਾਦੀ ਸ਼ੁਦਾ ਜੋੜੇ ਨੂੰ ਮਿਲਦੇ ਹਨ।
ਲਿੰਗ ਪਹਿਚਾਣ ਕਰਨ ਦਾ ਸਰਟੀਫ਼ੀਕੇਟ ਹਾਸਲ ਕਰਨੇ ਲਈ ਕਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਅਤੇ ਇਸ ਤਰ੍ਹਾਂ ਦਾ ਕਦਮ ਪੁੱਟਣ ਤੋਂ ਪਹਿਲਾਂ ਤੁਹਾਨੂੰ ਕਈ ਗੱਲਾਂ ਬਾਰੇ ਸੋਚਣਾ ਪਵੇਗਾ।

Copyright © 2002-2007 Citizens Advice All rights reserved
Registered charity no: 279057 Company no: 1436945 England

ਲਿੰਗ ਪਹਿਚਾਣ ਕਰਨੇ ਬਾਰੇ ਵਧੇਰ ਜਾਣਕਾਰੀ ਲੈਣ ਲਈ ਮਿਨਿਸਟ੍ਰੀ ਔਫ ਜਸਟਿਸ ਦੇ ਇਸ ਵੈਬਸਾਈਟ ਤੇ ਦੇਖੋ: www.justice.gov.uk.
[link to: http://www.justice.gov.uk/guidance/courts-and-tribunals/tribunals/gender-recognition-panel/faqs.htm].
ਤੁਹਾਨੂੰ ਲਿੰਗ ਪਹਿਚਾਣ ਕਰਨ ਦੇ ਸਰਟੀਫ਼ੀਕੇਟ ਲਈ ਅਰਜ਼ੀ ਦੇ ਫ਼ੌਰਮ ਲਈ ਡਾਇਰੈਕਟਗਵ ਦੇ ਇਸ ਵੈਬਸਾਈਟ ਤੇ ਜਾਣਾ ਪਵੇਗਾ: www.direct.gov.uk.
ਹੇਠਾਂ ਦਿੱਤੇ ਲਈ ਕੜੀ ਜਾਂ ਲਿੰਕ:
http://www.direct.gov.uk/en/Governmentcitizensandrights/Yourrightsandresponsibilities/Findoutaboutyourrights/DG 196581.]

## ਮੈਂ ਕਿਸ ਉਮਰ ਵਿਚ ਕਾਨੂੰਨੀ ਤੌਰ ਤੇ ਸ਼ਰਾਬ ਜਾਂ ਸਿਗਰਟ ਪੀ ਸਕਦਾ ਹਾਂ ?

ਤੁਸੀਂ ਕਿਸ ਉਮਰ ਵਿਚ ਸ਼ਰਾਬ ਪੀ ਸਕਦੇ ਹੋ, ਬਾਰੇ ਕਾਨੂੰਨ ਗੁੰਝਲਦਾਰ ਹੈ। 18 ਸਾਲ ਦੀ ਉਮਰ ਤੋਂ ਪਹਿਲਾਂ ਤੁਹਾਨੂੰ ਪੱਬਾਂ ਜਾਂ ਦੁਕਾਨਾਂ ਤੋਂ ਸ਼ਰਾਬ ਖ਼ਰੀਦਣ, ਪੱਬਾਂ ਜਾਂ ਬਾਹਰ ਪੱਬਲਿਕ ਥਾਂਵਾਂ ਵਿਚ ਸ਼ਰਾਬ ਪੀਣ ਦੀ ਆਗਿਆ ਨਹੀਂ ਹੈ। ਜੇ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ ਅਤੇ ਕਿਸੇ ਹੋਰ ਵਿਅਕਤੀ ਵਲੋਂ ਤੁਹਾਡੇ ਲਈ ਸ਼ਰਾਬ ਖ਼ਰੀਦਣਾ ਅਤੇ ਉਸ ਸ਼ਰਾਬ ਨੂੰ ਪੱਬ ਜਾਂ ਪੱਬਲਿਕ ਥਾਂ ਵਿਚ ਪੀਣਾ ਵੀ ਗ਼ੈਰਕਾਨੂੰਨੀ ਹੈ।

ਫਿਰ ਭੀ, ਜੇ ਤੁਸੀਂ 16 ਜਾਂ17 ਸਾਲ ਦੀ ਉਮਰ ਦੇ ਹੋ ਤਾਂ ਤੁਹਾਨੂੰ ਕਿਸੇ ਰੈਸਟੋਰੈਂਟ, ਹੋਟਲ ਜਾਂ ਕਿਸੇ ਪੱਬ ਦੀ ਉਸ ਜਗ੍ਹਾ ਵਿਚ ਵਾਈਨ, ਬੀਅਰ ਜਾਂ ਸਾਈਡਰ ਪੀਣ ਦੀ ਇਜਾਜ਼ਤ ਹੈ, ਜਿਹੜੀ ਜਗ੍ਹਾ ਖ਼ਾਸ ਕਰਕੇ ਭੋਜਨ ਖਾਣੇ ਲਈ ਬਣਾਈ ਗਈ ਹੋਵੇ। ਇਸ ਤਰ੍ਹਾਂ ਤੁਸੀਂ ਤਾਂ ਹੀ ਕਰ ਸਕਦੇ ਹੋ, ਜੇ ਭੋਜਨ ਖਾਣੇ ਦੇ ਵਕਤ ਤੁਹਾਡੇ ਨਾਲ ਕੋਈ ਇਹੋ ਜਿਹਾ ਵਿਅਕਤੀ ਹੈ ਜਿਸ ਦੀ ਉਮਰ 18 ਸਾਲ ਜਾਂ ਉਸ ਤੋਂ ਉੱਪਰ ਹੈ ਅਤੇ ਸ਼ਰਾਬ ਉਸਨੇ ਖਰੀਦੀ ਹੈ।

ਇਕ ਪੰਜ ਸਾਲਾ ਬੱਚਾ ਘਰ ਜਾਂ ਕਿਸੇ ਪਰਾਈਵੇਟ ਥਾਂ ਵਿਚ ਸ਼ਰਾਬ ਪੀ ਸਕਦਾ ਹੈ ਪਰ ਪੰਜ ਵਰ੍ਹਿਆਂ ਤੋਂ ਘੱਟ ਉਮਰ ਦੇ ਬੱਚੇ ਕੇਵਲ ਸਿਹਤ ਦੇ ਕਿਸੇ ਕਾਰਣ ਇਕ ਡਾਕਟਰ ਦੀ ਸਲਾਹ 'ਤੇ ਹੀ ਸ਼ਰਾਬ ਪੀ ਸਕਦੇ ਹਨ।

18 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨੂੰ ਸਿਗਰੈਟਸ, ਤਮਾਖੂ ਜਾਂ ਸਿਗਰੈਟ ਪੇਪਰਜ਼ ਵੇਚਣਾ ਗੈਰ ਕਾਨੂੰਨੀ ਹੈ।
ਤੁਹਾਡੀ ਉਮਰ ਚਾਹੇ ਕਿੰਨੀ ਵੀ ਹੋਵੇ, ਪਬਲਿਕ ਥਾਵਾਂ ਅਤੇ ਕੰਮ ਦੀਆਂ ਥਾਂਵਾ ਤੇ ਸਿਗਰਟ ਪੀਣੇ ਦੀ ਮਨ੍ਹਾਹੀ ਕੀਤੀ ਗਈ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

# ਮੈਂ ਤਲਾਕ ਕਿਵੇਂ ਲੈ ਸਕਦਾ ਹਾਂ ?

ਇੰਗਲੈਂਡ ਅਤੇ ਵੇਲਜ਼ ਵਿਚ ਤਲਾਕ ਲੈਣ ਲਈ ਤੁਹਾਡੇ ਵਿਆਹ ਹੋਏ ਨੂੰ ਇਕ ਸਾਲ ਹੋਇਆ ਹੋਣਾ ਚਾਹੀਦਾ ਹੈ ਜਾਂ ਨੌਰਧਰਨ ਆਇਅਰਲੈਂਡ ਵਿਚ ਦੋ ਸਾਲ ਅਤੇ ਤੁਹਾਡਾ ਵਿਆਹ ਯੁਨਾਇਟਿਡ ਕਿੰਗਡਮ ਦੇ ਕਾਨੂੰਨ ਹੇਠ ਮੰਨਿਆਂ ਜਾਣਾ ਚਾਹੀਦਾ ਹੈ। ਜਦ ਤੁਸੀਂ ਤਲਾਕ ਲਈ ਬੇਨਤੀ ਕਰਦੇ ਹੋ, ਤੁਸੀਂ ਅਤੇ ਤੁਹਾਡਾ/ਡੀ ਪਾਰਟਨਰ ਇੰਗਲੈਂਡ ਜਾਂ ਵੇਲਜ਼ ਵਿਚ ਰਹਿਦੇ ਹੋਣੇ ਚਾਹੀਦੇ ਹਨ ਜਾਂ ਦਰਖ਼ਾਸਤ ਕਰਨ ਤੋਂ ਪਹਿਲਾਂ, ਤੁਹਾਡੇ ਵਿਚੋਂ ਇਕ ਵਿਅਕਤੀ ਨੂੰ ਇੱਕ ਸਾਲ ਪਹਿਲਾਂ ਦਾ ਵਰ੍ਹਾ ਇੰਗਲੈਂਡ ਜਾਂ ਵੇਲਜ਼ ਵਿਚ ਰਹਿੰਦਾ ਹੋਣਾ ਚਾਹੀਦਾ ਹੈ।

ਜੇ ਤੁਹਾਡੇ ਪਾਰਟਨਰ ਨੂੰ ਕੋਈ ਇਤਰਾਜ਼ ਨਾ ਹੋਵੇ, ਤਾਂ ਤੁਸੀਂ ਬਿਨਾ ਪ੍ਰਤੀਵਾਦ ਕੀਤੇ (ਅੱਨਡਿਫ਼ੈਨਡਿਡ) ਤਲਾਕ ਲਈ ਬੇਨਤੀ ਕਰ ਸਕਦੇ ਹੋ। ਜੇ ਕੋਈ ਬੱਚੇ ਅਤੇ ਕਿਸੇ ਪ੍ਰੌਪਰਟੀ ਦਾ ਗੁੰਝਲਦਾਰ ਮਾਮਲਾ ਨਾ ਹੋਵੇ, ਤਾਂ ਤੁਸੀਂ ਕਿਸੇ ਵਕੀਲ ਦੀ ਮਦਦ ਤੋਂ ਬਿਨਾ ਹੀ ਤਲਾਕ ਦੀ ਕਾਰਵਾਈ ਪੂਰੀ ਕਰ ਸਕਦੇ ਹੋ।

ਜੇ ਤੁਹਾਡਾ ਪਾਰਟਨਰ ਤਲਾਕ ਲਈ ਰਾਜ਼ੀ ਨਾ ਹੋਵੇ, ਤਾਂ ਇਸ ਨੂੰ ਬਿਨਾਂ ਕਿਸੇ ਰੋਕ ਤੋਂ (ਡਿਫ਼ੈਨਡਿਡ) ਤਲਾਕ ਆਖ਼ਦੇ ਹਨ ਅਤੇ ਤੁਹਾਨੂੰ ਇਕ ਵਕੀਲ ਦੀ ਮਦਦ ਦੀ ਲੋੜ ਪਵੇਗੀ।

ਜੇ ਤਸੀਂ ਇਹ ਦਿਖਾ ਸਕੋ ਕਿ ਵਿਆਹ ਹੁਣ ਹੋਰ ਜਾਰੀ ਨਹੀਂ ਹੈ, ਤਾਂ ਤਲਾਕ ਇਕ ਕਾਉਂਟੀ ਕੋਰਟ ਵਲੋਂ ਦਿੱਤਾ ਜਾਵੇਗਾ। ਕਾਨੂੰਨੀ ਤੌਰ 'ਤੇ ਇਸ ਨੂੰ ਵਿਆਹ ਦਾ ਮੁੜਬਹਾਲ ਹੋਣਾ ਅਸੰਭਵ (ਇਰਿਟ੍ਰੀਵੇਬਲ ਬ੍ਰੇਕਡਾਊਨ) ਕਹਿੰਦੇ ਹਨ। ਤੁਹਾਡੀ ਸ਼ਾਦੀ ਬਿਲਕੁਲ ਮੁੜਬਹਾਲ ਨਹੀਂ ਹੋ ਸਕਦੀ, ਇਸਨੂੰ ਸਾਬਤ ਕਰਨ ਲਈ ਕੋਰਟ ਇਸ ਦੇ ਸਬੂਤਾਂ ਨੂੰ ਦੇਖੇਗਾ। ਕੋਰਟ ਸਬੂਤ ਵਜੋਂ ਅੱਗੇ ਲਿਖਿਆਂ ਵਿਚੋਂ ਕੋਈ ਸਵੀਕਾਰ ਕਰੇਗਾ (ਐੱਡਲਟਰੀ) ਭਿਵਾਚਾਰ, ਅਢੁੱਕਵਾਂ ਵਿਹਾਰ, ਬੇਵਫ਼ਾਈ, ਇੱਕ ਸਾਥੀ ਨੂੰ ਇੱਕਲਾ ਛੱਡ ਕੇ ਚਲੇ ਜਾਣਾ, ਆਪਸੀ ਸਲਾਹ ਨਾਲ ਦੋ ਸਾਲਾਂ ਲਈ ਵੱਖ ਹੋਣਾ ਜਾਂ ਪੰਜ ਵਰ੍ਹਿਆਂ ਲਈ ਵੱਖ ਵੱਖ ਹੋਣਾ।

ਜੇ ਤੁਹਾਡੇ ਖ਼ਰਚੇ ਲੀਗਲ ਸਰਵਿਸਿਜ਼ ਕਮਿਸ਼ਨ (LSC) ਵਲੋਂ ਮੁਕੱਰਰ ਕੀਤੇ ਗਏ ਮਾਲੀ ਪ੍ਰਬੰਧ ਦੀ ਸੀਮਾ ਦੇ ਅੰਦਰ ਹਨ ਤਾਂ ਤਲਾਕ ਦੀਆਂ ਕਾਰਵਾਈਆਂ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਅਤੇ ਪੈਸਿਆਂ ਅਤੇ ਬੱਚਿਆਂ ਦੇ ਮਾਮਲਿਆਂ ਨਾਲ ਨਿਪਟਣ ਲਈ ਤੁਹਾਨੂੰ ਸ਼ਾਇਦ ਕਾਨੂੰਨੀ ਮੱਦਦ ਮਿਲ ਸਕਦੀ ਹੋਵੇ। ਇਹ ਦੇਖਣ ਲਈ ਕਿ ਕੀ ਤੁਸੀਂ ਇਸਦੇ ਪਾਤਰ ਹੋ ਤਾਂ ਕਮਿਊਨਿਟੀ ਲੀਗਲ ਏਡ ਦੀ ਇਸ ਵੈਬਸਾਈਟ ਤੇ ਦਿੱਤੇ ਗਏ ਲੀਗਲ ਏਡ ਕੈਕੂਲੇਟਰ ਨੂੰ ਵਰਤੋ:
www.communitylegaladvice.org.uk
[http://www.communitylegaladvice.org.uk/en/legalaid/calculator.jsp]

Copyright © 2002-2007 Citizens Advice All rights reserved
Registered charity no: 279057 Company no: 1436945 England

ਲੀਗਲ ਏਡ ਫ਼ੰਡਿੰਗ ਦੇ ਤਿੰਨ ਪੜਾਅ ਹਨ ਜੋ ਇਸ ਗੱਲ ਤੇ ਨਿਰਭਰ ਹੁੰਦਾ ਹੈ ਕਿ ਤੁਹਾਨੂੰ ਕਿੰਨਾ ਕੁ ਕੰਮ ਕਰਨਾ ਪਵੇਗਾ। ਪਹਿਲੇ ਪੜਾਅ ਨੂੰ ਲੀਗਲ ਹੈਲਪ (ਕਾਨੂੰਨੀ ਮੱਦਦ) ਕਹਿੰਦੇ ਹਨ। ਇਸ ਵਿਚ ਵਕੀਲ ਦੇ ਨਾਲ ਤੁਹਾਡੀ ਪਹਿਲੀ ਇੰਟਰਵਿਊ ਸ਼ਾਮਿਲ ਹੁੰਦੀ ਹੈ। ਜੇ ਤੁਹਾਡਾ ਵਕੀਲ ਸੋਚਦਾ ਹੈ ਕਿ ਤੁਹਾਨੂੰ ਹੋਰ ਪਬਲਿਕ ਫ਼ੰਡਿੰਗ ਦੀ ਜ਼ਰੂਰਤ ਹੈ ਅਤੇ ਤੁਸੀਂ ਇਸ ਦੇ ਪਾਤਰ ਵੀ ਹੋ ਤਾਂ ਉਹ ਤੁਹਾਨੂੰ ਅਰਜ਼ੀ ਦੇ ਫ਼ੌਰਮ ਭਰਨ ਲਈ ਕਹੇਗਾ।

ਫਿਰ ਭੀ, ਚਾਹੇ ਤੁਹਾਨੂੰ ਲੀਗਲ ਏਡ ਮਿਲਦੀ ਵੀ ਹੋਵੇ, ਇਹ ਜ਼ਰੂਰੀ ਨਹੀਂ ਹੈ ਕਿ ਇਹ ਮੁੱਫ਼ਤ ਹੋਵੇ। ਜੇ ਅਖ਼ੀਰ ਵਿਚ ਤਲਾਕ ਤੋਂ ਨਿਕਲੇ ਨਤੀਜੇ ਦੇ ਤੌਰ ਤੇ ਤੁਹਾਨੂੰ ਪੈਸੇ ਮਿਲ ਜਾਂਦੇ ਹਨ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਲੀਗਲ ਸਰਵਿਸਿਜ਼ ਕਮਿਸ਼ਨ ਵਾਲਿਆਂ ਨੂੰ ਪੈਸੇ ਵਾਪਸ ਦੇਣੇ ਪੈਣ। ਜਿਸ ਤ੍ਰੀਕੇ ਨਾਲ ਉਹ ਆਪਣਾ ਹਿੱਸਾ ਲੈਂਦੇ ਹਨ ਉਸਨੂੰ **ਸਟੈਚੂਟਰੀ ਚਾਰਜ** ਕਿਹਾ ਜਾਂਦਾ ਹੈ। ਇਹ ਚਾਰਜ ਜਾਂ ਖ਼ਰਚਾ ਮੀਡੀਏਸ਼ਨ (ਵਿਚੋਲਗੀ ਜਾਂ ਮਧਿਅਸਥਤਾ) ਦੇ ਖ਼ਰਚੇ ਤੇ ਲਾਗੂ ਨਹੀਂ ਹੁੰਦਾ। ਲੀਗਲ ਏਡ ਲਈ ਖ਼ਰਚੇ ਅਦਾ ਕਰਨ ਬਾਰੇ ਵਧੇਰੇ ਜਾਣਕਾਰੀ ਲਈ ਤੁਸੀਂ ਲੀਗਲ ਸਰਵਿਸਿਜ਼ ਕਮਿਸ਼ਨ (LSC) ਦੀ ਇਸ ਵੈਬਸਾਈਟ ਤੇ ਦੇਖੋ: www.legalservices.gov.uk. [http://www.legalservices.gov.uk/docs/cls_main/Paying_for_your_Legal_Aid.pdf]

Copyright © 2002-2007 Citizens Advice All rights reserved
Registered charity no: 279057 Company no: 1436945 England